(ਸਫ਼ਾ ਨੰ. 2 ਦੀ ਬਾਕੀ)

ਸਾਡੇ ਦੇਸ਼ ਵਿਚ ਸਾਢੇ ਚਾਰ ਲੱਖ ਸਵਾਈਪ ਮਸ਼ੀਨਾਂ ਤੇ ਦੋ ਲੱਖ ਚਾਲੀ ਹਜ਼ਾਰ ਏ.ਟੀ.ਐਮ. ਹਨ। ਜਦਕਿ ਇਸ ਤਬਦੀਲੀ ਲਈ ਦੇਸ਼ ਵਿਚ ਸਾਢੇ ਚਾਰ ਕਰੋੜ ਸਵਾਈਪ ਮਸ਼ੀਨਾਂ, 52 ਲੱਖ ਏ.ਟੀ.ਐਮ. ਹੋਣੇ ਚਾਹੀਦੇ ਹਨ। ਅਜੇ ਤੱਕ ਪੱਛਮੀ ਮੁਲਕਾਂ ਜਰਮਨੀ, ਇੰਗਲੈਂਡ, ਅਮਰੀਕਾ ਤੇ ਫਰਾਂਸ ਵਿਚ ਵੀ ਇਹ ਤਜ਼ਰਬਾ ਸਫ਼ਲ ਨਹੀਂ ਹੋ ਸਕਿਆ ਉਥੇ ਵੀ 40£ ਲੈਣ-ਦੇਣ ਨਕਦੀ ਹੈ। ਦੂਸਰੇ ਪਾਸੇ ਭਾਰਤ ਜਿਸਦੀ 80% ਅਬਾਦੀ ਅਨਪੜ੍ਹ ਹੈ ਤੇ 70% ਲੋਕ ਨਗਦੀ ਲੈਣ-ਦੇਣ ਕਰਦੇ ਹਨ ਤਾਂ ਡਿਜ਼ੀਟਲਕਰਨ ਦਾ ਫੈਸਲਾ ਕਿਸੇ ਤੁਗਲਕ ਨਾਲੋਂ ਘੱਟ ਨਹੀਂ ਹੈ। ਹੁਣ ਮੋਬਾਇਲ ਫ਼ੋਨਾਂ ਵਾਂਗ ਹਰ ਕਿਸਾਨ-ਮਜ਼ਦੂਰ ਕੋਲ ਇਹ ਸਵਾਈਪ ਮਸ਼ੀਨ ਕਿੰਨੇ ਦੀ ਹੋਵੇਗੀ ਇਹ ਉਸਦੇ 'ਮਨ ਦੀ ਬਾਤ' ਜਾਣਦੀ ਹੋਵੇਗੀ। ਪਰ ਸਵਾਲ ਪੈਦਾ ਹੁੰਦਾ ਹੈ ਕਿ ਇਕ ਮਜ਼ਦੂਰ, ਰਿਕਸ਼ਾ ਚਾਲਕ, ਫਲ ਤੇ ਸਬਜ਼ੀ, ਫਰ ਤੇ ਕਿਸਾਨ ਇਹ ਸਵਾਈਪ ਮਸ਼ੀਨ ਕਿਵੇਂ ਚਲਾਏਗਾ? ਅਨਪੜ੍ਹ ਹੋਣ ਕਰਕੇ ਕਿਵੇਂ ਵਰਤੇਗਾ ਇਸਦੀ ਟਰੇਨਿੰਗ ਕਿਥੋਂ ਲਵੇਗਾ? ਇਹ ਇਕ ਬਹੁਤ ਹੀ ਵੱਡੀ ਹਕੀਕਤ ਹੈ ਜੋ ਇਕ ਤਬਦੀਲੀ ਲਈ ਦੇਸ਼ ਦੇ ਸਨਮੁੱਖ ਖੜ੍ਹੀ ਹੈ। ਦੂਜੇ ਪਾਸੇ ਜੇਤਲੀ ਨੇ 2015 ਦੇ ਬਜਟ ਵਿਚ 8315 ਕਰੋੜ ਦੇ ਕਰਜ਼ੇ ਕਾਰਪੋਰੇਟ ਅਦਾਰਿਆਂ ਦੇ ਮੁਆਫ਼ ਕੀਤੇ। ਮਾਰਚ 2016 ਦੇ ਬਜਟ ਵਿਚ 9892822 ਕਰੋੜ ਦੀ ਸਬਸਿਡੀ ਇਹਨਾਂ ਕਾਰਪੋਰੇਟ ਅਦਾਰਿਆਂ ਤੇ ਬਹੁਕੌਮੀ ਕੰਪਨੀਆਂ ਦੀ ਜੇਬ੍ਹ ਵਿਚ ਪਾ ਦਿੱਤੀ। ਅਜਿਹੀ ਸਥਿਤੀ 'ਚ ਕਾਲੇ ਧਨ ਦੇ ਦੋਸ਼ੀ ਆਮ ਲੋਕਾਂ ਨੂੰ ਬਣਾਇਆ ਜਾ ਰਿਹਾ ਹੈ ਜਿੰਨਾਂ ਕੋਲ ਦੇਸ਼ ਦਾ ਸਿਰਫ਼ 5% ਸਰਮਾਇਆ ਹੀ ਹੈ।

ਜੋ ਅੱਠ-ਦੱਸ ਘਰਾਣੇ ਦੇਸ਼ ਦੇ 95% ਰੁਪਏ ਤੇ ਅਯਾਸ਼ੀਆਂ ਕਰ ਰਹੇ ਹਨ ਉਹ ਦੁੱਧ ਧੋਤੇ ਬਣੇ ਬੈਠੇ ਹਨ। ਕੀ ਹੁਣ ਤੱਕ ਸਰਕਾਰ ਸਵਿਸ ਬੈਂਕਾਂ 'ਚੋਂ ਇਕ ਰੁਪਏ ਦਾ ਕਾਲਾ ਧਨ ਵਾਪਿਸ ਲਿਆਈ ਹੈ? ਇਹਨਾਂ 10 ਘਰਾਣਿਆਂ ਕੋਲ ਮਾਰਚ 2016 ਤੱਕ 57368 ਕਰੋੜ ਡਾਲਰ ਦਾ ਸਰਮਾਇਆ ਹੈ। ਕਾਲਾ ਧਨ ਕਢਵਾਉਣ ਲਈ ਦੋ ਵੇਲੇ ਮਸਾਂ ਰੋਟੀ ਖਾਣ ਵਾਲੇ ਗਰੀਬ ਜੋ ਪਹਿਲਾਂ ਹੀ ਮਰਿਆਂ ਬਰੋਬਰ ਹੁੰਦੇ ਹਨ ਉਹਨਾਂ ਦੇ ਮੂੰਹ 'ਚੋਂ ਕਾਰੂ ਵਾਂਗ ਪੰਜ-ਸੱਤ ਹਜ਼ਾਰ ਦੇ ਪੰਜ-ਪੰਜ ਸੌ ਦੇ ਨੋਟ ਕਢਵਾ ਕੇ, ਨਵੀਂ ਕਰੰਸੀ 'ਚ ਲਾ ਕੇ ਅੰਕੜੇ ਦਿੱਤੇ ਜਾ ਰਹੇ ਹਨ। ਜਿਵੇਂ ਕਿ ਦੇਸ਼ ਦੇ ਵਰਤਮਾਨ ਹਾਕਮ ਨੇ ਆਰਥਿਕ ਸਮਾਨਤਾ ਵਾਲਾ ਇਨਕਲਾਬ ਲੈ ਆਂਦਾ ਹੋਵੇ। ਵਿਸ਼ਵੀਕਰਨ ਤੇ ਬਹੁਕੌਮੀ ਕੰਪਨੀਆਂ ਦਾ ਨਪੀੜਿਆ ਆਮ ਆਦਮੀ ਸਹਿਮ ਵਿੱਚੋਂ ਉਸੇ ਤਰ੍ਹਾਂ ਲੰਘ ਰਿਹਾ ਹੈ ਜਿਵੇਂ 1330 ਈ. ਵਿਚ ਮੁਹੰਮਦ ਤੁਗਲਕ ਦੇ ਸਮੇਂ ਵਿਚ ਲੰਘਿਆ ਹੋਵੇਗਾ। ਹੁਣ ਤਾਂ ਅਜੋਕੇ ਤੁਗਲਕ ਦਾ ਰਾਜਧਾਨੀ ਬਦਲਣ ਦਾ ਕੰਮ ਹੀ ਅਧੂਰਾ ਰਹਿ ਚੁੱਕਾ ਹੈ। ਜਿਵੇਂ ਪੰਜਾਬ ਵਾਲੇ ਚੰਡੀਗੜ੍ਹ ਛੱਡ ਕੇ ਮੋਹਾਲੀ ਆ ਗਏ ਹਨ ਉਸੇ ਤਰ੍ਹਾਂ ਦੇਸ਼ ਦਾ ਹਾਕਮ ਦਿੱਲੀ ਦੇ ਪ੍ਰਦੂਸ਼ਣ ਨੂੰ ਕਿਸੇ ਹੋਰ ਸਿਰ ਮੜ ਕੇ ਮੁੰਬਈ ਨੂੰ ਰਾਜਧਾਨੀ ਬਣਾ ਸਕਦਾ ਹੈ। ਇਹ ਕੋਈ ਸ਼ੁਭ ਸੰਕੇਤ ਨਹੀਂ ਹੈ। ਆਮ ਮਨੁੱਖ ਦੀ ਨੀਂਦ ਹਰਾਮ ਹੋ ਗਈ ਹੈ। ਉਹ ਬੈਂਕਾਂ ਦੇ ਮੂਹਰੇ ਅਤਿ ਦੀ ਸਰਦੀ ਵਿਚ ਬਾਹਰ ਪੈ ਕੇ ਰਾਤਾਂ ਕੱਟ ਰਹੇ ਹਨ। ਬੈਂਕਾਂ ਅੱਗੇ ਕੈਸ਼ ਨਹੀਂ ਦੀਆਂ ਤਖਤੀਆਂ ਲਟਕ ਰਹੀਆਂ ਹਨ। ਇਸ ਵਰਤਾਰੇ ਤੇ ਸਭ ਸਿਆਸਤਦਾਨਾਂ ਨੇ ਬੁੱਲ ਸਿਉਂਤੇ ਹੋਏ ਹਨ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਹ ਫਲਾਈਓਵਰਾਂ, ਪੁਲਾਂ ਜਾਂ ਚਹੁ-ਤੇ ਛੇ ਮਾਰਗੀ ਸੜਕਾਂ ਨੂੰ ਹੀ ਵਿਕਾਸ ਦੱਸ ਰਹੇ ਹਨ ਜਦ ਕਿ ਇਹ ਵਿਨਾਸ਼ ਹੈ ਜ਼ਰਾ ਸੋਚ ਕੇ ਦੱਸੋ ਕਿ ਕੀ ਇਹਨਾਂ ਮਾਰਗਾਂ ਤੇ ਸਾਈਕਲ ਸਵਾਰ, ਰੇੜੀ ਚਾਲਕ ਲੰਘ ਸਕਦੇ ਹਨ? ਇਸ ਵਿਕਾਸ ਦੀ ਬਦੌਲਤ ਕਿੰਨੀ ਹਰਿਆਲੀ ਦੀ ਬਲੀ ਲਈ ਗਈ ਹੈ ਤੇ ਕਿੰਨਾ ਪ੍ਰਦੂਸ਼ਣ ਫੈਲਿਆ ਹੈ ਉਸ ਦਾ ਕੋਈ ਵੇਰਵਾ ਨਹੀਂ ਹੈ।

ਅਰਥ ਸ਼ਾਸ਼ਤਰੀਆਂ ਅਨੁਸਾਰ ਵਿਕਾਸ ਤਾਂ ਦੇਸ਼ ਦੇ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ, ਪੂਰਨ ਰੁਜ਼ਗਾਰ, ਬਰਾਬਰੀ ਦਾ ਸਮਾਜ ਜੋ ਗਰੀਬੀ, ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਤੋਂ ਰਹਿਤ ਹੋਵੇ। ਕਰੰਸੀ ਬਦਲਣਾ ਕੋਈ ਵਿਕਾਸ ਨਹੀਂ ਹੁੰਦਾ ਕਿ ਆਮ ਆਦਮੀ ਦੀ ਜ਼ਿੰਦਗੀ ਦਾ ਤਾਣਾ ਪੇਟਾ ਉਲਝ ਕੇ ਰਹਿ ਜਾਵੇ। ਅਜਿਹੀਆਂ ਹਾਲਤਾਂ ਵਿਚ ਬੌਧਿਕ ਪੱਖੋਂ ਚੇਤੰਨ ਤੇ ਮਾਨਵਵਾਦੀ ਤੇ ਆਰਥਿਕ ਸਮਾਨਤਾ ਦਾ ਦਾਅਵਾ ਕਰਨ ਵਾਲਿਆਂ ਲਈ ਸਿਰ ਜੋੜ ਕੇ ਸੋਚਣ ਦਾ ਵਿਸ਼ਾ ਹੈ। ਨਹੀਂ ਤਾਂ ਅਜੋਕੇ ਕਾਰੂ ਤੇ ਤੁਗਲਕ ਸਾਡੇ ਸਿਰਾਂ ਤੇ ਫੁੰਕਾਰੇ ਮਾਰਦੇ ਰਹਿਣਗੇ। ਏਹ ਓਹੀ ਕਾਰੂ ਹਨ ਜਿਨ੍ਹਾਂ ਦੇ ਵੱਖ-ਵੱਖ ਸਕੈਂਡਲਾਂ ਨੂੰ ਤਾਂ ਛੱਡੋ ਆਪਣੇ ਹੀ ਦੇਸ਼ ਦੇ



ਕਾਰਗਿਲ ਸਮੇਂ ਸ਼ਹੀਦ ਹੋਏ ਸੈਨਿਕਾਂ ਦੇ ਤਾਬੂਤਾਂ 'ਚੋਂ ਮੁਰਦੇ ਦੇ ਮੂੰਹ 'ਚੋਂ ਪੈਸਾ ਕੱਢਣ ਦੀ ਕੋਝੀ ਹਰਕਤ ਇਹ 17-18 ਸਾਲ ਪਹਿਲਾਂ ਕਰ ਚੁੱਕੇ ਹਨ। ਜ਼ਰਾ ਸੋਚੋ ਫਿਰ ਪਿੱਛੇ ਕੀ ਰਹਿ ਗਿਆ? ਅਸੀਂ ਤਾਂ ਬਚਪਨ ਸਮੇਂ ਕਾਰੂ ਦੇ ਕੰਕਾਲਾਂ 'ਚੋਂ ਪੈਸੇ ਕੱਢਣ ਕਰਕੇ ਡਰ ਡਰ ਉੱਠਦੇ ਸਾਂ ਪਰ 1999 ਵਿਚ ਕਾਰਗਿਲ ਵਿਚ ਮਰੇ ਸੈਨਿਕਾਂ ਦੇ ਮਾਪਿਆਂ ਨੂੰ ਸ਼ਹੀਦਾਂ ਦੇ ਤਾਬੂਤ 'ਚੋਂ ਖਾਧੇ ਕਮਿਸ਼ਨ ਦਾ ਪਤਾ ਲੱਗਣ ਤੇ ਚੰਘਿਆੜਾਂ ਮਾਰਦੇ ਦੇਖਿਆ ਅਤੇ ਸੁਣਿਆ ਹੈ। ਅਜਿਹੀ ਹਾਲਤ ਵਿਚ ਆਮ ਆਦਮੀ ਦੀ ਸਥਿਤੀ ਤੇ ਬੌਧਿਕ ਪੱਖੋਂ ਚੇਤੰਨ ਲੋਕਾਂ ਨੂੰ ਅਵਾਮ ਨੂੰ ਜਾਗਰੂਕ ਕਰਕੇ ਲੋਕ ਸੰਘਰਸ਼ ਵਿੱਢ ਕੇ ਅਜਿਹੇ ਤੁਗਲਕਾਂ ਤੇ ਕਾਰੂਆਂ ਨੂੰ ਨਾਸੀਂ ਚਣੇ ਚੁਗਾਉਣੇ ਹੋਣਗੇ। ਵੋਟਾਂ ਰਾਹੀਂ ਤਬਦੀਲੀ ਇਸ ਦਾ ਹੱਲ ਨਹੀਂ ਇਹ ਤਾਂ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਸਿੱਕੇ ਦਾ ਦੂਸਰਾ ਪਾਸਾ ਹੈ ਤੇ ਸਿੱਕਾ ਉਹੀ ਹੈ। ਜਾਂ ਇਹ ਕਹਿ ਲਵੋ ਕਿ ਵੋਟਾਂ ਤਾਸ਼ ਦੀ ਖੇਡ ਹੈ। ਅੱਜ ਹੁਕਮ ਦਾ ਯੱਕਾ ਭੱਬੂ ਵਰਤਮਾਨ ਹਾਕਮ ਦੇ ਹੱਥ ਵਿਚ ਹੈ ਕੱਲ ਨੂੰ ਦੂਸਰੀ ਧਿਰ ਦੇ ਹਾਕਮ ਦੇ ਹੱਥ ਵਿਚ ਹੋਵੇਗਾ। ਇਸ ਵੋਟਾਂ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਦਾ ਦੱਸਿਆ ਮਾਰਗ ਲੋਕਾਈ ਦਾ ਗਾਡੀ ਰਾਹ ਬਣੇਗਾ ਕਿ

**ਚੂੰ ਕਾਰ ਅਜ ਹੁਮਾ ਹੀਲਤੇ ਦਰਮੁਸ਼ਤ ਅਸਤ**
**ਬੁਰਦਨ ਬਾ ਸ਼ਮਸ਼ੀਰ ਦਸਤ ॥**

ਤੇ ਚੱਲ ਕੇ ਆਪਣੀ ਰਾਖੀ ਆਪ ਕਰਨੀ ਹੋਵੇਗੀ। ਨਹੀਂ ਤਾਂ ਹੁਕਮਰਾਨ ਆਮ ਲੋਕਾਂ ਨੂੰ ਆਪਣੀਆਂ ਜ਼ਾਬਰ ਨੀਤੀਆਂ ਦੀ ਚੱਕੀ 'ਚ ਪੀਸਦੇ ਰਹਿਣਗੇ। ਫੈਸਲਾ ਅਵਾਮ ਦੇ ਹੱਥ ਹੈ।

# ਦੋ ਕਵਿਤਾਵਾਂ

**ਅਮਰਜੀਤ ਸਿੰਘ ਮਾਵੀ**
ਪ੍ਰਿੰਸੀਪਲ ਸ਼ਿਵਾਲਕ ਪਬਲਿਕ ਸਕੂਲ,
ਚਮਕੌਰ ਸਾਹਿਬ (ਰੂਪਨਗਰ)

## (1) ਭਗਤ ਸਿੰਘ

ਜੇ ਅੱਜ ਭਗਤ ਸਿੰਘ ਹੁੰਦਾ, ਦੇਸ਼ ਦਾ ਨਕਸ਼ਾ ਹੋਰ ਸੀ ਹੋਣਾ,
ਨਾ ਕੋਈ ਸਿਰ ਫੜ ਕੇ ਬਹਿੰਦਾ, ਨਾ ਕੋਈ ਰਹਿੰਦਾ ਰੋਣਾ ਧੋਣਾ।
ਝਗੜੇ ਸਾਰੇ ਮੁੱਕ ਜਾਣੇ ਸੀ, ਗਰੀਬ ਅਮੀਰ ਦਾ ਫਰਕ ਨਾ ਰਹਿੰਦਾ,
ਇਕੋ ਮਾਂ ਦੇ ਜਾਏ ਅਸੀਂ ਹਾਂ, ਦੇਸ਼ ਨੂੰ ਹਰ ਕੋਈ ਮਾਂ ਹੀ ਕਹਿੰਦਾ।
ਸੱਭ ਨੇ ਹੱਥੀਂ ਕੰਮ ਸੀ ਕਰਨਾ, ਬੇਰੁਜ਼ਗਾਰੀ ਇਥੇ ਨਾ ਰਹਿੰਦੀ,
ਡਿਗਰੀਆਂ ਹੱਥਾਂ ਦੇ ਵਿਚ ਲੈ ਕੇ, ਜਵਾਨੀ ਨਿਰਾਸ਼ਤਾ ਵਿਚ ਨਾ ਬਹਿੰਦੀ।
ਇਮਾਨਦਾਰ ਸੀ ਅਫ਼ਸਰ ਹੋਣੇ, ਨਾ ਹੁੰਦੀ ਇਥੇ ਰਿਸ਼ਵਤਖੋਰੀ,
ਦਫਤਰੀ ਕੰਮ ਝੱਟ ਸੀ ਹੋਣੇ, ਨੋਟ ਨਾ ਲੈਂਦੇ ਚੋਰੀ-ਚੋਰੀ।
ਢੇਰ ਫਰੋਲਦੇ ਬੱਚੇ ਨਾ ਮਿਲਦੇ, ਭੁੱਖੇ ਪੇਟ ਨਾ ਕੋਈ ਸੌਂਦਾ,
ਮਾਸੂਮ ਜਿਹੇ ਬੱਚੇ ਤਾਂ ਕੀ, ਹਰ ਕੋਈ ਪੂਰੇ ਕੱਪੜੇ ਪਾਉਂਦਾ।
ਟੈਨਸ਼ਨ ਫਰੀ ਸਭ ਲੋਕੀਂ ਹੁੰਦੇ, ਕਰਜ਼ਾ ਕਿਸੇ ਦੇ ਸਿਰ ਨਾ ਚੜ੍ਹਦਾ,
ਔਰਤ ਦੇ ਹੱਕ ਪੂਰੇ ਹੁੰਦੇ, ਜ਼ੁਲਮ ਨਾ, ਇਹਨਾਂ ਤੇ ਕੋਈ ਕਰਦਾ।
ਜੇ ਅੱਜ ਭਗਤ ਸਿੰਘ ਹੁੰਦਾ, ਜਵਾਨੀ ਨਸ਼ਿਆਂ ਵਿਚ ਨਾ ਰੁੜ੍ਹਦੀ,
ਜਿਗਰ ਦਾ ਟੁਕੜਾ ਕੁਰਾਹੇ ਪੈ ਗਿਆ, ਵੇਖ-ਵੇਖ ਕੇ ਮਾਂ ਨਾ ਕੁੜ੍ਹਦੀ।
ਸੁਪਨੇ ਸ਼ਹੀਦਾਂ ਦੇ ਯਾਦ ਕਰਕੇ, ਹਰ ਕੋਈ ਅੱਜ ਹੈ ਘਬਰਾਉਂਦਾ,
ਸੋਚਿਆ ਕੀ ਸੀ ਕੀ ਬਣ ਗਿਆ, ਅੰਦਰੋਂ ਹਰ ਕੋਈ ਦੁੱਖ ਮਨਾਉਂਦਾ।
ਸ਼ਰਧਾਂਜਲੀ ਸੱਚੀ ਸ਼ਹੀਦਾਂ ਤਾਂਈ, ਸਿਰ ਸਤਿਕਾਰ ਦੇ ਨਾਲ ਝੁਕਾਈਏ,
ਸੋਚ ਉਹਨਾਂ ਦੀ ਪੱਲੇ ਬੰਨ੍ਹ ਕੇ, ਅਲਾਮਤਾਂ ਸਾਰੀਆਂ ਮਗਰੋਂ ਲਾਈਏ।
ਜੋ ਹੋ ਗਿਆ ਉਹ ਭੁੱਲ ਜਾਓ, ਅੱਗੇ ਵਾਸਤੇ ਹੀ ਕੁਝ ਸੋਚੋ,
ਸੋਚ ਵਿਚਾਰਾਂ ਰਲ ਮਿਲ ਕਰਕੇ, ਸ਼ਹੀਦਾਂ ਵਾਲਾ ਭਾਰਤ ਲੋਚੋ।
ਇਹ ਸਲਾਹ ਹੋਰ ਵੀ, ਧਿਆਨ ਨਾਲ ਜ਼ਰਾ ਸੁਣ ਕੇ ਜਾਣਾ,
ਘਰ ਜਾ ਕੇ ਸ਼ਹੀਦਾਂ ਦੇ ਨਾਂ, ਇਕ-ਇਕ ਬੂਟਾ ਜ਼ਰੂਰ ਹੀ ਲਾਣਾ,
ਘਰ ਜਾ ਕੇ ਸ਼ਹੀਦਾਂ ਦੇ ਨਾਂ, ਇਕ-ਇਕ ਬੂਟਾ ਜ਼ਰੂਰ ਹੀ ਲਾਣਾ।

## (2) ਗੁੱਸਾ

ਗੁੱਸਾ ਦੁਸ਼ਮਣ ਹੈ ਬੰਦੇ ਦਾ, ਬਚਕੇ ਇਸਤੋਂ ਵੀਰੋ ਰਹਿਣਾ,
ਗੁੱਸੇ ਨਾਲ ਕਿਸੇ ਕੁਝ ਨਹੀਂ ਖੱਟਿਆ, ਅੰਤ ਪਛਤਾਵਾ ਪੱਲੇ ਪੈਣਾ।
ਬਾਪੂ ਘਰ ਵਿਚ ਗੁੱਸੇ ਹੋਜੇ, ਗੁੱਸੇ ਨਾਲ ਉਹ ਖੂੰਡਾ ਘੁਮਾਏ,
ਪੂਰਾ ਗੁੱਸੇ ਦੇ ਵਿਚ ਭਖਿਆ, ਡਰਦਾ ਨਾ ਕੋਈ ਨੇੜੇ ਆਏ।
ਜੇ ਗੁੱਸਾ ਚੜ੍ਹੇ ਬੇਬੇ ਤਾਂਈ, ਭੰਬੀਰੀ ਨੂੰਹ ਦੀ ਖੂਬ ਬਣਾਉਂਦੀ,
ਨੂੰਹ ਦਾ ਪਾਰਾ ਵੀ ਚੜ੍ਹ ਜਾਂਦਾ, ਅੱਗੋਂ ਚਾਰ ਉਹ ਸੁਣਾਉਂਦੀ।
ਗੁੱਸੇ ਜੇਕਰ ਹੋਣ ਨਿਆਣੇ, ਘਰ ਵਿਚ ਜ਼ਰਾ ਨਾ ਰੌਣਕ ਰਹਿੰਦੀ,
ਅੜੀਅਲ ਪੱਥਰ ਕਿਥੇ ਜੰਮੇ, ਗੁੱਸੇ ਵਿਚ ਸੱਸ ਨੂੰਹ ਨੂੰ ਕਹਿੰਦੀ।
ਸੱਤ ਅਸਮਾਨੀ ਜਦੋਂ ਇਹ ਚੜ੍ਹ ਜੇ, ਪੂਰਾ ਰੰਗ ਹੈ ਇਹ ਚਲਾਉਂਦਾ।
ਗੁੱਤਾਂ ਫੜ-ਫੜ ਲੜਣ ਤੀਵੀਆਂ, ਘਸੁੰਨ ਮੁੱਕੇ ਹੈ ਇਹ ਚਲਾਉਂਦਾ।
ਅਫ਼ਸਰ ਜੇਕਰ ਹੋਜੇ ਗੁੱਸੇ, ਮੁਲਾਜਮ ਛੇਤੀ ਹੀ ਜਾਣ ਲੈਂਦੇ,
ਅੱਜ ਕੋਈ ਪੰਗਾ ਪਊਗਾ, ਡਰਦੇ ਇਕ ਦੂਜੇ ਨੂੰ ਕਹਿੰਦੇ।
ਗੁੱਸਾ ਮੁਲਾਜਮਾਂ ਦਾ ਵੀ ਭੈੜਾ, ਬਾਹਰ ਨਿਕਲ ਕੇ ਨਾਅਰੇ ਲਾਉਂਦੇ,
ਮੁਰਦਾਬਾਦ ਦੇ ਲਾ ਲਾ ਨਾਅਰੇ, ਬਣਾ ਅਰਥੀ ਨੇ ਛਿੱਤਰ ਘੁਮਾਉਂਦੇ।
ਬੜੇ ਥਾਂਈ ਹੋਰ ਗੁੱਸਾ ਵੇਖਿਆ, ਇਸਦੇ ਪਾਏ ਵੇਖੇ ਪੰਗੇ,
ਸੁੱਖ ਸ਼ਾਂਤੀ ਨਾਲ ਲੋਕੀਂ ਵੱਸਦੇ, ਪਲ ਵਿਚ ਇਹ ਕਰਾਏ ਦੰਗੇ।
ਬੰਦਾ ਬੰਦੇ ਨੂੰ ਮਾਰ ਦੇਂਦਾ, ਵੇਖੋ ਕੈਸਾ ਇਹ ਚੰਡਾਲ,
ਜੇਲ੍ਹਾਂ, ਫਾਂਸੀ ਖੁਦਕੁਸ਼ੀਆਂ, ਸਭ ਗੁੱਸੇ ਦਾ ਕਮਾਲ।
ਸੁੱਖ ਸ਼ਾਂਤੀ ਬਰਕਤ ਉੱਡਦੀ, ਜਿਸ ਥਾਂ ਵੀ ਗੁੱਸਾ ਵੱਸੇ,
ਭੈਣ ਭਰਾ ਸਭ ਰਿਸ਼ਤੇ ਟੁੱਟਦੇ, ਘੜਿਉਂ ਪਾਣੀ ਉਥੋਂ ਨੱਸੇ,
ਸੂਰਜ ਨੂੰ ਕੀ ਦੀਪ ਵਿਖਾਵਾਂ, ਤੁਸੀਂ ਤਾਂ ਖੁਦ ਹੀ ਬੜੇ ਸਿਆਣੇ,
ਨਾਲ ਸ਼ਾਂਤੀ ਜ਼ਿੰਦਗੀ ਜੀਵੋ, ਪਿਆਰ ਨਾਲ ਬੁਣੋ ਤਾਣੇ ਬਾਣੇ।
ਸੌ ਹੱਥ ਰੱਸਾ ਸਿਰੇ ਤੇ ਗੰਢ, ਮੇਰਾ ਤਾਂ ਬੱਸ ਇਹੋ ਕਹਿਣਾ,
ਗੁੱਸਾ ਦੁਸ਼ਮਣੇ ਹੈ ਬੰਦੇ ਦਾ, ਬਚ ਕੇ ਇਸਤੋਂ ਵੀਰੋ ਰਹਿਣਾ।
ਇਸ ਦੁਸ਼ਮਣ ਤੋਂ ਕਿਵੇਂ ਬਚੀਏ, ਹੱਲ ਇਸਦਾ ਬੜਾ ਹੀ ਸੌਖਾ,
ਠੰਡੇ ਹੋ ਕੇ ਆਪ ਵਿਚਰੋ, ਭਾਲੇ ਜੇ ਕੋਈ ਲੜਣ ਦਾ ਮੌਕਾ।
ਵੰਗਾਰੇ ਕੋਈ ਅਣਖ ਤਾਂਈ, ਫਿਰ ਵੀ ਗੁੱਸੇ ਵਿਚ ਨਾ ਆਓ,
ਸ਼ਾਂਤੀ ਦੇ ਨਾਲ ਹੱਲ ਲੱਭ ਕੇ, ਵਿਰੋਧੀ ਤਾਂਈ ਸਬਕ ਸਿਖਾਓ।
ਸ਼ਾਂਤੀ ਦੇ ਨਾਲ......................

